# 1. ਮੁਹਾਵਰੇ (Idioms)

1. ਮੁਹਾਵਰਾ ਸ਼ਬਦ ਅਰਬੀ ਭਾਸ਼ਾ ਦਾ ਹੈ, ਜਿਸ ਦਾ ਅਰਥ ਹੈ-ਅਭਿਆਸ ਹੋਣਾ ਜਾਂ ਆਦੀ ਹੋਣਾ। ਇਸ ਤਰ੍ਹਾਂ ਮੁਹਾਵਰਾ ਸ਼ਬਦ ਆਪਣੇ-ਆਪ ਵਿੱਚ ਆਪ ਹੀ ਮੁਹਾਵਰਾ ਹੈ, ਕਿਉਂਕਿ ਇਹ ਆਪਣੇ ਸਧਾਰਨ ਅਰਥ ਨੂੰ ਛੱਡ ਕੇ ਅਸਧਾਰਨ ਅਰਥ ਪ੍ਰਗਟ ਕਰਦਾ ਹੈ, ਜਿਵੇਂ-ਸਾਨੂੰ ਫਲਾਣਾ ਕੰਮ ਕਰਨ ਦਾ ਮੁਹਾਵਰਾ ਹੋ ਗਿਆ ਹੈ। ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਇਹ **ਪਰਿਭਾਸ਼ਿਕ** ਸ਼ਬਦ ਹੈ, ਜਿਹੜਾ ਅਜਿਹੇ ਵਾਕੰਸ਼ ਦਾ ਬੋਧਕ ਬਣ ਗਿਆ ਹੈ। ਵਾਕੰਸ਼ ਸ਼ਬਦ ਤੋਂ ਸਪਸ਼ਟ ਹੈ ਕਿ **ਮੁਹਾਵਰਾ ਸੰਖਿਪਤ ਹੁੰਦਾ ਹੈ, ਪਰੰਤੂ ਆਪਣੇ ਸੰਖਿਪਤ ਰੂਪ ਵਿੱਚ ਕਿਸੇ ਵੱਡੇ ਵਿਚਾਰ ਜਾਂ ਭਾਵ ਨੂੰ ਪ੍ਰਗਟ ਕਰਦਾ ਹੈ।** ਇਸ ਤਰ੍ਹਾਂ **ਮੁਹਾਵਰਾ ਉਹ ਵਾਕੰਸ਼ ਹੈ ਜਿਹੜਾ ਆਪਣੇ ਬੋਲੇ ਜਾਣ ਵਾਲੇ ਅਰਥ ਦਾ ਬੋਧ ਨਾ ਕਰਵਾ ਕੇ, ਆਪਣੇ ਅੰਦਰਲੇ ਜਾਂ ਵਿਅੰਗਾਤਮਕ ਅਰਥ ਦਾ ਬੋਧ ਕਰਵਾਉਂਦਾ ਹੈ।** ਜਿਵੇਂ- 'ਅੱਖਾਂ ਫੇਰ ਲੈਣੀਆਂ' ਮੁਹਾਵਰੇ ਦਾ ਅਰਥ 'ਅੱਖਾਂ ਫੇਰਨਾ ਨਹੀਂ ਹੁੰਦਾ' ਨਹੀਂ ਹੈ ਸਗੋਂ 'ਬਦਲ ਜਾਣਾ' ਹੈ। **ਮੁਹਾਵਰੇ ਦੀ ਕ੍ਰਿਆ ਵਿੱਚ ਲਿੰਗ, ਪੁਰਖ, ਕਾਲ ਅਤੇ ਵਚਨ ਦਾ ਲੋੜ ਅਨੁਸਾਰ ਰੂਪ ਪਰਿਵਰਤਨ ਹੋ ਸਕਦਾ ਹੈ ਉਸ ਦੇ ਮੂਲ ਰੂਪ ਦੀ ਥਾਂ ਕੋਈ ਹੋਰ ਕ੍ਰਿਆ ਨਹੀਂ ਵਰਤੀ ਜਾ ਸਕਦੀ।** ਜਿਵੇਂ ਗਰਮ ਹੋਣਾ (ਗੁੱਸੇ ਹੋਣਾ) ਤੋਂ ਗਰਮ ਹੋਈ, ਗਰਮ ਹੋਏਗਾ, ਗਰਮ ਹੋਣਗੇ ਆਦਿ ਰੂਪ ਬਣਾਏ ਜਾ ਸਕਦੇ ਹਨ ਪਰ 'ਹੋਣਾ' ਕ੍ਰਿਆ ਨੂੰ 'ਕਰਨਾ' ਵਿੱਚ ਤਬਦੀਲ ਨਹੀਂ ਕੀਤਾ ਜਾ ਸਕਦਾ। ਇਸ ਨਾਲ ਅਰਥ ਬਦਲ ਜਾਂਦੇ ਹਨ।

ਪੰਜਾਬੀ-ਬੋਲੀ/ਭਾਸ਼ਾ ਵਿੱਚ ਵਰਤੇ ਜਾਂਦੇ ਕੁਝ ਕੁ ਮਹੱਤਵਪੂਰਨ ਮੁਹਾਵਰੇ, ਮੁਹਾਵਰਾ ਭੰਡਾਰ ਅਮੀਰ ਕਰਨ ਲਈ ਦਿੱਤੇ ਜਾਂਦੇ ਹਨ :-

1. **ਉਂਗਲੀ ਕਰਨੀ** (ਦੋਸ਼ ਲਾਉਣਾ) – ਸੀਤਾ ਦਾ ਆਚਰਨ ਇੰਨਾ ਬੇਦਾਗ ਹੈ ਕਿ ਕੋਈ ਉਸ ਵੱਲ ਉਂਗਲੀ ਨਹੀਂ ਕਰ ਸਕਦਾ।
2. **ਉਸਤਾਦੀ ਕਰਨੀ** (ਚਲਾਕੀ ਕਰਨੀ) – ਰਾਜ! ਤੂੰ ਮੇਰੇ ਨਾਲ ਉਸਤਾਦੀਆਂ ਨਾ ਕਰ, ਮੈਂ ਤੇਰੀ ਅਸਲੀਅਤ ਜਾਣਦਾ ਹਾਂ।
3. **ਉਮਰ ਦੀ ਰੋਟੀਆਂ ਕਮਾਉਣੀਆਂ** (ਬਹੁਤ ਧਨ ਖੱਟਣਾ) – ਜੰਗ ਦੇ ਦਿਨਾਂ ਵਿੱਚ ਲੋਹੇ ਦੇ ਵਪਾਰੀਆਂ ਨੇ ਉਮਰ ਦੀਆਂ ਰੋਟੀਆਂ ਕਮਾ ਲਈਆਂ।
4. **ਉੱਲੂ ਬਣਾਉਣਾ** (ਮੂਰਖ ਬਣਾਉਣਾ) – ਰਾਮ ਆਪਣੇ ਆਪ ਨੂੰ ਬੜਾ ਚਾਲਾਕ ਸਮਝਦਾ ਹੈ। ਉਹ ਹਰ ਕਿਸੇ ਨੂੰ ਉੱਲੂ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।
5. **ਉਲਟੀ ਗੰਗਾ ਵਹਿਣੀ** (ਆਮ ਰਿਵਾਜ਼ ਦੇ ਉਲਟ ਕੰਮ ਹੋਣਾ) – ਅੱਜ ਕੱਲ੍ਹ ਸਮਾਜ ਵਿੱਚ ਉਲਟੀ ਗੰਗਾ ਵਹਿ ਰਹੀ ਹੈ। ਇਸਤਰੀਆਂ ਦਫ਼ਤਰਾਂ ਵਿੱਚ ਨੌਕਰੀਆਂ ਕਰਦੀਆਂ ਹਨ ਤੇ ਮਰਦ ਘਰਾਂ ਵਿੱਚ ਬੱਚਿਆਂ ਨੂੰ ਸਾਂਭਦੇ ਹਨ।

Scanned with CamScanner

6. **ਉਲਟੀ ਪੱਟੀ ਪੜ੍ਹਾਉਣੀ** (ਭੈੜੀ ਮੱਤ ਦੇਣਾ) – ਦੀਪੋ ਨੇ ਆਪਣੇ ਪੁੱਤਰ ਨੂੰ ਅਜਿਹੀ ਉਲਟੀ ਪੱਟੀ ਪੜ੍ਹਾਈ ਹੈ ਕਿ ਉਸ ਨੇ ਵਹੁਟੀ ਨਾਲ ਬੋਲਣਾ ਛੱਡ ਦਿੱਤਾ ਹੈ।

7. **ਆਈ ਚਲਾਈ ਕਰਨਾ** (ਜੋ ਕਮਾਉਣਾ, ਮਸਾਂ ਉਸ ਵਿੱਚ ਹੀ ਗੁਜ਼ਾਰਾ ਕਰਨਾ) – ਵੱਧ ਰਹੀ ਮਹਿੰਗਾਈ ਦੇ ਕਾਰਨ-ਤਨਖਾਹ ਨਾਲ ਕੀ ਬਣਦਾ ਹੈ, ਮਸਾਂ ਆਈ ਚਲਾਈ ਹੀ ਹੁੰਦੀ ਹੈ।

8. **ਅਕਲ ਤੇ ਪਰਦਾ ਪੈਣਾ** (ਮੱਤ ਮਾਰੀ ਜਾਣੀ) – ਸੋਹਣ ਦੀ ਅਕਲ ਤੇ ਪਤਾ ਨਹੀਂ ਕੀ ਪਰਦਾ ਪੈ ਗਿਆ ਹੈ, ਪੜ੍ਹਾਈ ਛੱਡ ਬੈਠਾ ਹੈ।

9. **ਆਸਮਾਨ ਦੇ ਤਾਰੇ ਤੋੜਨਾ** (ਵੱਧ-ਚੜ੍ਹ ਕੇ ਗੱਲਾਂ ਬਣਾਉਣੀਆਂ) – ਗੁਰਦੇਵ ਗੱਲਾਂ ਨਾਲ ਤਾਂ ਆਸਮਾਨ ਦੇ ਤਾਰੇ ਤੋੜਦਾ ਹੈ, ਪਰ ਅਸਲ ਵਿੱਚ ਬਿਲਕੁਲ ਨਿਕੰਮਾ ਹੈ।

10. **ਅੱਕੀ ਪਲਾਹੀਂ ਹੱਥ ਮਾਰਨਾ** (ਨਿਰਾਸ਼ ਹੋ ਕੇ ਮਾੜੇ ਮੋਟੇ ਕੰਮ ਕਰਨਾ) - ਜਦੋਂ ਦਾ ਰਾਮ ਹੁਰਾਂ ਦੇ ਸੋਨੇ ਦਾ ਕੰਮ ਬੰਦ ਹੋਇਆ ਹੈ, ਵਿਚਾਰਾ ਅੱਕੀ ਪਲਾਹੀਂ ਹੱਥ ਮਾਰਦਾ ਫਿਰਦਾ ਹੈ।

11. **ਅੱਖਾਂ ਖੁੱਲਣੀਆਂ** (ਹੋਸ਼ ਜਾਂ ਸਮਝ ਆ ਜਾਣੀ) – ਕਰਮ ਸਿੰਘ ਨੂੰ ਮਾਣ ਸੀ ਕਿ ਬਿਨਾ ਮਿਹਨਤ ਕੀਤੇ ਪਾਸ ਹੋ ਜਾਵਾਂਗਾ, ਹੁਣ ਜਦ ਫੇਲ੍ਹ ਹੋ ਗਿਆ ਹੈ ਤਾਂ ਉਸ ਦੀਆਂ ਅੱਖਾਂ ਖੁੱਲ੍ਹ ਗਈਆਂ ਹਨ।

12. **ਅੱਖਾਂ ਮੀਟ ਜਾਣਾ** (ਮਰ ਜਾਣਾ) – ਸੁੰਦਰ ਦੇ ਪਿਤਾ ਜੀ ਕਈ ਦਿਨਾਂ ਤੋਂ ਬੀਮਾਰ ਸਨ। ਕੱਲ੍ਹ ਰਾਤ ਉਹ ਅੱਖਾਂ ਮੀਟ ਗਏ।

13. **ਅੱਖਾਂ ਤੇ ਬਿਠਾਉਣਾ** (ਬਹੁਤ ਆਦਰ ਸਤਿਕਾਰ ਕਰਨਾ) – ਸਾਡਾ ਫ਼ਰਜ਼ ਹੈ ਕਿ ਘਰ ਆਏ ਪ੍ਰਾਹੁਣੇ ਨੂੰ ਅੱਖਾਂ ਤੇ ਬਿਠਾਈਏ।

14. **ਅੱਖਾਂ ਚੁਰਾਉਣਾ** (ਚੋਰੀ ਖਿਸਕ ਜਾਣਾ) – ਸੁਰਿੰਦਰ ਸਕੂਲੋਂ ਨੱਠਿਆ ਸੀ, ਬਾਜ਼ਾਰ ਵਿੱਚ ਉਸ ਦੇ ਵੱਡੇ ਭਰਾ ਨੇ ਵੇਖ ਲਿਆ ਤਾਂ ਉਹ ਅੱਖਾਂ ਚੁਰਾਉਣ ਲੱਗਾ।

15. **ਅੱਖਾਂ ਫੇਰ ਲੈਣਾ** (ਬਦਲ ਜਾਣਾ) – ਸੁਆਰਥੀ ਮਿੱਤਰ ਆਪਣਾ ਕੰਮ ਕੱਢ ਕੇ ਅੱਖਾਂ ਫੇਰ ਲੈਂਦੇ ਹਨ।

16. **ਅੱਖਾਂ ਵਿੱਚ ਰੜਕਨਾ** (ਬੁਰਾ ਲੱਗਣਾ) – ਕੰਮ-ਚੋਰ ਤੇ ਸ਼ਰਾਰਤੀ ਲੜਕੇ ਅਧਿਆਪਕਾਂ ਦੀਆਂ ਅੱਖਾਂ ਵਿੱਚ ਰੜਕਦੇ ਰਹਿੰਦੇ ਹਨ।

17. **ਅੱਖਾਂ ਵਿੱਚ ਘੱਟਾ ਪਾਉਣਾ** (ਧੋਖਾ ਦੇਣਾ) – ਚੋਰ ਸਿਪਾਹੀ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਦੌੜ ਗਿਆ।

18. **ਅੱਖਾਂ ਮੀਟ ਛੱਡਣਾ** (ਅਵੇਸਲੇ ਹੋ ਰਹਿਣਾ) – ਰਾਜੇ ਦੇ ਪਿਤਾ ਨੇ ਉਸ

Scanned with CamScanner

ਦੇ ਭੈੜੇ ਚਾਲਿਆਂ ਤੋਂ ਅੱਖਾਂ ਮੀਟ ਛੱਡੀਆਂ ਹਨ।

**19. ਅੰਗ ਪਾਲਣਾ** (ਮਿੱਤਰਤਾ ਨਿਭਾਉਣੀ) - ਕ੍ਰਿਸ਼ਨ ਨੇ ਸੁਦਾਮਾ ਜੀ ਨਾਲ ਮਿੱਤਰਤਾ ਦਾ ਪੂਰਾ ਅੰਗ ਪਾਲਿਆ।

**20. ਅੱਗ ਦੇ ਭਾਅ ਹੋਣਾ** (ਬਹੁਤ ਮਹਿੰਗਾ ਹੋਣਾ) - ਅੱਜ ਕੱਲ੍ਹ ਤਾਂ ਹਰ ਚੀਜ਼ ਅੱਗ ਦੇ ਭਾਅ ਹੋ ਗਈ ਹੈ, ਗ਼ਰੀਬ ਲੋਕ ਕੀ ਕਰਨ ?

**21. ਅੱਗ ਲੱਗੀ ਤੇ ਖੂਹ ਪੁੱਟਣਾ** (ਐਣ ਲੋੜ ਸਮੇਂ ਕੰਮ ਸ਼ੁਰੂ ਕਰਨਾ) - ਰਮਨ ਪ੍ਰੀਖਿਆ ਤੋਂ ਦੋ ਦਿਨ ਪਹਿਲਾਂ ਕਿਤਾਬ ਖਰੀਦਣ ਤੁਰਿਆ, ਉਸ ਦਾ ਤਾਂ ਉਹੀ ਹਾਲ ਹੈ ਕਿ ਅੱਗ ਲੱਗੀ ਤੇ ਖੂਹ ਪੁੱਟਿਆ ਜਾਵੇ।

**22. ਅੱਗ ਵਰ੍ਹਨੀ** (ਬਹੁਤ ਗਰਮੀ ਪੈਣੀ) - ਮਈ-ਜੂਨ ਦੇ ਮਹੀਨਿਆਂ ਵਿੱਚ ਬਾਹਰ ਨਿਕਲੋ ਤਾਂ ਅੱਗ ਵਰ੍ਹਦੀ ਲਗਦੀ ਹੈ।

**23. ਆਵਾ ਹੀ ਊਤ ਜਾਣਾ** (ਸਾਰੇ ਟੱਬਰ ਜਾਂ ਟੋਲੀ ਦਾ ਨਾਲਾਇਕ ਹੋਣਾ) - ਇੱਕ ਕਰਮਚਾਰੀ ਦੀ ਕੀ ਸ਼ਿਕਾਇਤ ਕਰੀਏ ਇਥੇ ਤਾਂ ਆਵਾ ਹੀ ਊਤਿਆ ਹੋਇਆ ਹੈ।

**24. ਇੱਕ ਅੱਖ ਨਾਲ ਵੇਖਣਾ** (ਇੱਕੋ ਜਿਹਾ ਵਿਹਾਰ ਕਰਨਾ, ਸਾਰਿਆਂ ਨੂੰ ਬਰਾਬਰ ਸਮਝਣਾ) - ਸਿਆਣੇ ਮਾਤਾ-ਪਿਤਾ ਆਪਣੇ ਸਭਨਾਂ ਬੱਚਿਆਂ ਨੂੰ ਇੱਕ ਅੱਖ ਨਾਲ ਵੇਖਦੇ ਹਨ।

**25. ਇੱਕ ਮੁੱਠ ਹੋਣਾ** (ਏਕਾ ਕਰਨਾ) - ਅੱਜ ਸਮੇਂ ਲੋੜ ਇਸ ਗੱਲ ਦੀ ਹੈ ਕਿ ਆਪਸੀ ਮਤ-ਭੇਦ ਭੁਲਾ ਕੇ ਦੁਸ਼ਮਣ ਦੇ ਟਾਕਰੇ ਲਈ ਇੱਕ ਮੁੱਠ ਹੋ ਜਾਈਏ।

**26. ਈਦ ਦਾ ਚੰਨ ਹੋਣਾ** (ਚਿਰ ਪਿੱਛੋਂ ਮਿਲਣਾ, ਦੇਰ ਬਾਅਦ ਮਿਲਣਾ) - ਚੰਨੀਏ ! ਤੂੰ ਤਾਂ ਈਦ ਦਾ ਚੰਨ ਬਣ ਗਈ ਏਂ। ਕਦੇ ਮਿਲਦੀ ਹੀ ਨਹੀਂ।

**27. ਇੱਟ ਚੁੱਕਦੇ ਨੂੰ ਪੱਥਰ ਚੁੱਕਣਾ** (ਵਧ ਕੇ ਬਦਲਾ ਲੈਣਾ) - ਇੱਟ ਚੁੱਕਦੇ ਨੂੰ ਪੱਥਰ ਚੁੱਕਿਆ ਜਾਵੇ ਤਾਂ ਹੀ ਅਗਲੇ ਨੂੰ ਸਮਝ ਆਉਂਦੀ ਹੈ।

**29. ਇੱਟ ਕੁੱਤੇ ਦਾ ਵੈਰ ਹੋਣਾ** (ਬੜੀ ਪੱਕੀ ਦੁਸ਼ਮਣੀ ਹੋਣੀ) - ਕੁਝ ਸਾਲ ਪਹਿਲਾਂ ਚੀਨ ਤੇ ਅਮਰੀਕਾ ਦਾ ਆਪਸ ਵਿੱਚ ਇੱਟ ਕੁੱਤੇ ਦਾ ਵੈਰ ਸੀ।

**30. ਸੁਆਹ ਉੱਡਣੀ ਜਾਂ ਉਡਾਉਣੀ** (ਬਦਨਾਮੀ ਹੋਣੀ ਜਾਂ ਕਰਨੀ) - ਧੀ ਦੇ ਘਰੋਂ ਨਿਕਲ ਜਾਣ ਨਾਲ ਭੋਲਾ ਰਾਮ ਦੀ ਸਾਰੇ ਮੁਹੱਲੇ ਵਿੱਚ ਸੁਆਹ ਉੱਡ ਗਈ।

**31. ਸੋਹਿਲੇ ਗਾਉਣੇ** (ਸਿਫ਼ਤਾਂ ਕਰਨੀਆਂ) - ਸ਼ਾਮ ਨੇ ਸੁਦੇਸ਼ ਨੂੰ ਹੱਟੀ ਕੀ ਪਾ ਦਿੱਤੀ ਹੈ, ਉਹ ਹਰ ਵੇਲੇ ਉਸ ਦੇ ਸੋਹਿਲੇ ਗਾਉਂਦਾ ਰਹਿੰਦਾ ਹੈ।

**32. ਸਾਹ ਸੁੱਕ ਜਾਣਾ** (ਬਹੁਤ ਹੀ ਡਰ ਜਾਣਾ) - ਡਾਕੂਆਂ ਨੂੰ ਆਉਂਦਿਆਂ

Scanned with CamScanner

ਦੇਖ ਕੇ ਮੁਸਾਫ਼ਰਾਂ ਦਾ ਸਾਹ ਸੁੱਕ ਗਿਆ।

33. **ਸਾਹ ਸੱਤ ਨਾ ਰਹਿਣਾ** (ਬਹੁਤ ਕਮਜ਼ੋਰ ਹੋ ਜਾਣਾ) - ਬੀਮਾਰੀ ਦੇ ਕਾਰਨ ਮੇਰੇ ਸਰੀਰ ਵਿੱਚ ਸਾਹ ਸੱਤ ਹੀ ਨਹੀਂ ਰਿਹਾ।

34. **ਸਿੱਕਾ ਜੰਮਣਾ** (ਰੋਹਬ ਪੈ ਜਾਣਾ) - ਰਵਿੰਦਰ ਦੀ ਯੋਗਤਾ ਦਾ ਉਸ ਦੇ ਸਾਥੀਆਂ ਦੇ ਮਨ ਤੇ ਵਾਹਵਾ ਸਿੱਕਾ ਜੰਮ ਗਿਆ।

35. **ਸਿਰ ਖਾਣਾ** (ਬਹੁਤੀਆਂ ਗੱਲਾਂ ਨਾਲ ਤੰਗ ਕਰਨਾ) - ਛੋਟੇ ਬਾਲ ਆਪਣੀਆਂ ਗੱਲਾਂ ਨਾਲ ਮਾਪਿਆਂ ਦਾ ਸਿਰ ਖਾ ਲੈਂਦੇ ਹਨ।

36. **ਸਿਰ ਚੜ੍ਹਨਾ** (ਲਾਡ ਨਾਲ ਵਿਗੜ ਜਾਣਾ) - ਗਗਨ ਮਾਪਿਆਂ ਦੇ ਲਾਡ ਕਰਕੇ ਸਿਰ ਚੜ੍ਹਿਆ ਹੋਇਆ ਹੈ।

37. **ਸਿਰੋਂ ਨੰਗੀ ਹੋਣਾ** (ਪਤੀ ਗੁਜ਼ਰ ਜਾਣਾ) - ਸਿਰੋਂ ਨੰਗੀ ਔਰਤ ਦੀ ਸਮਾਜ ਵਿੱਚ ਕੋਈ ਹੀ ਇੱਜ਼ਤ ਕਰਦਾ ਹੈ।

38. **ਸਿਰ ਤੇ ਹੱਥ ਧਰਨਾ** (ਸਹਾਰਾ ਦੇਣਾ, ਪਾਲਣਾ ਕਰਨੀ) - ਪਿਤਾ ਦੇ ਮਰਨ ਤੇ ਜੇ ਮੋਦੀ ਦਾ ਚਾਚਾ ਉਸ ਦੇ ਸਿਰ ਤੇ ਹੱਥ ਨਾ ਧਰਦਾ ਤਾਂ ਪਤਾ ਨਹੀਂ ਵਿਚਾਰੇ ਦਾ ਕੀ ਹਾਲ ਹੁੰਦਾ।

39. **ਸਿਰ ਸੁਆਹ ਪਾਉਣੀ** (ਬਦਨਾਮੀ ਕਰਨੀ) - ਸੰਤੋ ਸੱਸ ਦੀ ਏਨੀ ਸੇਵਾ ਕਰਦੀ ਹੈ, ਪਰ ਉਹ ਵਿਚਾਰੀ ਦੇ ਸਿਰ ਸਦਾ ਸੁਆਹ ਹੀ ਪਾਉਂਦੀ ਹੈ।

40. **ਸਿਰ ਤੇ ਕੁੰਡਾ ਨਾ ਹੋਣਾ** (ਭੈੜੇ ਕੰਮਾਂ ਤੋਂ ਕੋਈ ਰੋਕਣ ਵਾਲਾ ਨਾ ਹੋਣਾ) - ਪਿਤਾ ਦੇ ਗੁਜ਼ਰ ਜਾਣ ਕਰ ਕੇ ਅਮਰ ਦੇ ਸਿਰ ਤੇ ਕੁੰਡਾ ਨਹੀਂ ਰਿਹਾ। ਇਸ ਕਾਰਨ ਉਹ ਵਿਗੜਦਾ ਜਾ ਰਿਹਾ ਹੈ।

41. **ਸਿਰ ਮੱਥੇ ਤੇ ਮੰਨਣਾ** (ਬੜੀ ਖੁਸ਼ੀ ਨਾਲ ਪਰਵਾਨ ਕਰਨਾ) - ਸਾਨੂੰ ਚਾਹੀਦਾ ਹੈ ਕਿ ਪੰਚਾਂ ਦੇ ਫੈਸਲੇ ਨੂੰ ਸਿਰ ਮੱਥੇ ਤੇ ਮੰਨੀਏ।

42. **ਹਿੱਕ ਤੇ ਸੱਪ ਲੇਟਣਾ** (ਈਰਖਾ ਨਾਲ ਸੜਨਾ) - ਸੁਰਿੰਦਰ ਦੀ ਪੰਜ ਲੱਖ ਦੀ ਲਾਟਰੀ ਨਿਕਲੀ ਤਾਂ ਸੁਣ ਕੇ ਉਸ ਦੇ ਚਾਚੇ ਦੇ ਪੁੱਤਰ ਮਹਿੰਦਰ ਦੀ ਹਿੱਕ ਤੇ ਸੱਪ ਲੇਟਣ ਲੱਗਾ।

43. **ਹਿੱਕ ਸਾੜਨੀ** (ਈਰਖਾ ਨਾਲ ਸੜਨਾ) - ਸਾਧੂ ਦੀ ਵਹੁਟੀ ਮਿਹਣਿਆਂ ਨਾਲ ਸੱਸ ਦੀ ਹਿੱਕ ਸਾੜਦੀ ਰਹਿੰਦੀ ਹੈ।

44. **ਹੱਡੀਆਂ ਨਿਕਲ ਆਉਣੀਆਂ** (ਬਹੁਤ ਕਮਜ਼ੋਰ ਹੋਣਾ) - ਲੰਮੀ ਬੀਮਾਰੀ ਦੇ ਕਾਰਨ ਵਿਚਾਰੀ ਜੀਤਾਂ ਦੀਆਂ ਹੱਡੀਆਂ ਨਿਕਲ ਆਈਆਂ ਹਨ।

45. **ਹੌਲਿਆਂ ਪੈਣਾ** (ਸ਼ਰਮਿੰਦਾ ਹੋਣਾ) - ਝੂਠ ਪ੍ਰਗਟ ਹੋ ਜਾਣ ਕਰਕੇ ਸੰਤੀ

Scanned with CamScanner

ਆਪਣੀਆਂ ਸਹੇਲੀਆਂ ਅੱਗੇ ਬੜੀ ਹੌਲੀ ਪਈ।

**46. ਹੱਥ ਚੁੱਕਣਾ** (ਮਾਰਨ ਨੂੰ ਪੈਣਾ) - ਸੁਰਿੰਦਰ ਆਪਣੇ ਪਿਓ ਅੱਗੇ ਹੱਥ ਚੁੱਕਣ ਹੀ ਲੱਗਾ ਸੀ, ਪਰ ਵੱਡੇ ਭਰਾ ਦੇ ਆਉਣ ਤੇ ਰੁਕ ਗਿਆ।

**47. ਹੱਥ ਤੰਗ ਹੋਣਾ** (ਧਨ ਦੀ ਥੁੜ੍ਹ ਹੋਣੀ) - ਰਾਜੂ ਦੇ ਪਿਤਾ ਦਾ ਹੱਥ ਇਸ ਤਰ੍ਹਾਂ ਤੰਗ ਹੈ ਕਿ ਵਿਚਾਰਾ ਪੁੱਤਰ ਦੀ ਫ਼ੀਸ ਵੀ ਨਹੀਂ ਦੇ ਸਕਦਾ।

**48. ਹੱਥ ਧੋ ਕੇ ਪਿੱਛੇ ਪੈਣਾ** (ਖਹਿੜੇ ਪੈਣਾ) - ਦਿਨੇਸ਼ ਤੂੰ ਤਾਂ ਹੱਥ ਧੋ ਕੇ ਪਿੱਛੇ ਪੈ ਗਿਆ ਏ, ਤੈਨੂੰ ਕਹਿ ਦਿੱਤਾ ਹੈ ਕਿ ਕਲ੍ਹ ਤੇਰੇ ਰੁਪਏ ਦੇ ਦਿਆਂਗਾ।

**49. ਹੱਥ ਰੰਗਣਾ** (ਅਯੋਗ ਢੰਗ ਨਾਲ ਬਹੁਤ ਧਨ ਕਮਾਉਣਾ) - ਜੰਗ ਦੇ ਦਿਨਾਂ ਵਿੱਚ ਵਪਾਰੀ ਲੋਕ ਚੀਜ਼ਾਂ ਦੀਆਂ ਕੀਮਤਾਂ ਚੜ੍ਹਾਂ ਕੇ ਖ਼ੂਬ ਹੱਥ ਰੰਗ ਲੈਂਦੇ ਹਨ।

**50. ਹੱਥ ਮਲਣਾ** (ਪਛਤਾਉਣਾ) - ਜਿਹੜੇ ਵਿਦਿਆਰਥੀ ਸਮਾਂ ਰਹਿੰਦੇ ਮਿਹਨਤ ਨਹੀਂ ਕਰਦੇ ਉਹ ਮਗਰੋਂ ਹੱਥ ਮਲਦੇ ਰਹਿ ਜਾਂਦੇ ਹਨ।

Scanned with CamScanner